**ਸ਼੍ਰੇਣੀ-ਗਿਆਰ੍ਹਵੀਂ**

**ਡਰਾਇੰਗ ਅਤੇ ਚਿੱਤਰਕਲਾ**

**Drawing and Painting**

**ਪ੍ਰਯੋਗੀ:80**

**ਆਂਤਰਿਕ ਮੁਲਾਂਕਣ:20**

**ਸਮਾਂ : 8 ਘੰਟੇ** **ਕੁੱਲ ਅੰਕ : 100**

**ਨੋਟ :- ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟ-ਸ਼ੀਟ ਅਨੁਸਾਰ ਲਿਆ ਜਾਵੇਗਾ।**

| | | |
|---|---|---|
| **ਪਹਿਲਾ ਪੇਪਰ (ਭਾਗ-I)** | **ਸਮਾਂ: 4 ਘੰਟੇ** | **ਸੈਸ਼ਨ: ਸਵੇਰ** |
| **ਦੂਜਾ ਪੇਪਰ (ਭਾਗ-II)** | **ਸਮਾਂ: 4 ਘੰਟੇ** | **ਸੈਸ਼ਨ: ਸ਼ਾਮ** |

**ਭਾਗ-I** **ਅੰਕ : 40**

**ਫਰੀਹੈਂਡ ਸੁਤੰਤਰ ਸਵੈ-ਪ੍ਰਗਟਾਵਾ ਅਤੇ ਡੀਜ਼ਾਈਨ (Free Hand Self Expression and Design)**

**ਸਕੈਚਿੰਗ ਅਤੇ ਬਣਾਵਟ :-** ਕੁਦਰਤ ਅਤੇ ਜੀਵਨ ਅਨੁਸਾਰ ਪੰਛੀ, ਜਾਨਵਰ, ਮਨੁੱਖੀ ਆਕਾਰ ਦੇ ਚਿੱਤਰ ਤਿਆਰ ਕਰਨੇ।

**ਜਾਂ**

**ਧਰਤੀ ਦ੍ਰਿਸ਼ ਚਿੱਤਰਨ (Landscape Painting)**

ਆਪਣੀ ਯਾਦ ਸ਼ਕਤੀ ਦੁਆਰਾ ਪਹਾੜ, ਝੀਲ, ਝੌਂਪੜੀ, ਦਰਿਆ, ਘਰ ਅਤੇ ਦਰੱਖ਼ਤ ਆਦਿ ਦੇ ਚਿੱਤਰਾਂ ਨੂੰ ਪ੍ਰਯੋਗ ਕਰਕੇ ਕੁਦਰਤੀ ਦ੍ਰਿਸ਼ ਤਿਆਰ ਕਰਨੇ।

**ਮੀਡੀਅਮ :- ਪੇਸਟਲ, ਪਾਣੀ ਵਾਲੇ ਰੰਗ ਅਤੇ ਤੇਲ ਵਾਲੇ ਰੰਗ**

**ਜਾਂ**

**ਡੀਜ਼ਾਇਨ (Design)**

ਜਿਉਮੈਟਰੀਕਲ ਆਕਾਰ ਜਿਵੇਂ ਵਰਗ, ਆਇਤ, ਤਿਕੋਣ ਅਤੇ ਚੱਕਰ ਵਿੱਚ ਫੁੱਲ-ਪੱਤੀਆਂ, ਡੋਡੀਆਂ ਅਤੇ ਟਾਹਣੀਆਂ ਪ੍ਰਯੋਗ ਕਰਕੇ ਸੁਦਰ ਡਿਜ਼ਾਈਨ ਬਣਾਉਣੇ।

**ਨੋਟ : ਸਿਰਫ਼ ਪਾਣੀ ਵਾਲੇ ਰੰਗ।**

**ਭਾਗ - II** **ਅੰਕ: 40**

**ਮਾਡਲ ਡਰਾਇੰਗ (Still Life)**

ਕੋਈ ਤਿੰਨ ਵਸਤੂਆਂ ਨੂੰ ਇਕੱਠੀਆਂ ਰੱਖਕੇ ਚਿੱਤਰਨ ਕਰਨਾ। ਇਹਨਾਂ ਵਿੱਚ ਇੱਕ ਵਰਗਾਕਾਰ ਜਾਂ ਆਇਤਾਕਾਰ ਅਤੇ ਬਾਕੀ ਦੋ ਵਸਤੂਆਂ ਗੋਲ, ਅੰਡਾਕਾਰ ਜਾਂ ਸਲੰਡਰ ਆਕਾਰ ਹੋਣ। ਮਾਡਲ ਦੇ ਪਿੱਛੇ ਡਰਾਪਰੀ ਸੈੱਟ ਕੀਤੀ ਜਾਵੇ। ਮਾਡਲ ਡਰਾਇੰਗ ਵਿੱਚ ਛਾਇਆ ਤੇ ਪਰਛਾਇਆ (Light and Shade) ਦਿਖਾਈ ਜਾਵੇ।

ਮਾਧਿਅਮ - ਪੈਨਸਿਲ ਰੰਗ, ਪੇਸਟਲ ਰੰਗ, ਪਾਣੀ ਵਾਲੇ ਰੰਗ, ਤੇਲ ਵਾਲੇ ਰੰਗ।

**ਭਾਗ - III** **ਅੰਕ : 20**

**ਸੈਸ਼ਨਲ ਕੰਮ**

ਘੱਟੋ-ਘੱਟ 20 ਮਾਡਲ ਜੋ ਕਿ ਪ੍ਰੀਖਿਆਰਥੀ ਵੱਲੋਂ ਸਾਰੇ ਸਾਲ ਵਿੱਚ ਤਿਆਰ ਕੀਤੇ ਹੋਣ ਦਾ ਮੁਲਾਂਕਣ ਕੀਤਾ ਜਾਵੇਗਾ।

**ਨੋਟ :- ਡਰਾਇੰਗ ਸ਼ੀਟਾਂ ਅਤੇ ਰੰਗ ਪ੍ਰੀਖਿਆਰਥੀ ਖ਼ੁਦ ਨਾਲ ਲੈ ਕੇ ਆਵੇਗਾ।**

## ਪ੍ਰਸ਼ਨ ਪੱਤਰ ਦੀ ਰੂਪ-ਰੇਖਾ (Structure of Question Paper)
## ਡਰਾਇੰਗ ਅਤੇ ਚਿੱਤਰਕਲਾ (Drawing and Painting)

**ਪ੍ਰਯੋਗੀ:80**

**ਆਂਤਰਿਕ ਮੁਲਾਂਕਣ:20**

**ਸਮਾਂ : 8 ਘੰਟੇ** **ਕੁੱਲ ਅੰਕ : 100**

**ਨੋਟ :- ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟ-ਸ਼ੀਟ ਅਨੁਸਾਰ ਲਿਆ ਜਾਵੇਗਾ।**

| | | |
|---|---|---|
| **ਪਹਿਲਾ ਪੇਪਰ (ਭਾਗ-I)** | **ਸਮਾਂ: 4 ਘੰਟੇ** | **ਸੈਸ਼ਨ: ਸਵੇਰ** |
| **ਦੂਜਾ ਪੇਪਰ (ਭਾਗ-II)** | **ਸਮਾਂ: 4 ਘੰਟੇ** | **ਸੈਸ਼ਨ: ਸ਼ਾਮ** |

**ਭਾਗ-I** **ਅੰਕ : 40**

1. ਇਹ ਪੇਪਰ ਪ੍ਰਯੋਗੀ ਡੇਟ-ਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਇਸ ਭਾਗ ਵਿੱਚ ਪਾਠ-ਕ੍ਰਮ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਸਕਚਿੰਗ, ਫਰੀਹੈਂਡ ਡਰਾਇੰਗ ਅਤੇ ਡਿਜ਼ਾਈਨ ਸਬੰਧੀ ਤਿੰਨ ਪ੍ਰਸ਼ਨ ਸੈੱਟ ਕਰੇਗਾ, ਜਿਸ ਵਿੱਚੋਂ ਪ੍ਰੀਖਿਆਰਥੀ ਆਪਣੀ ਚੋਣ ਅਨੁਸਾਰ ਇੱਕ ਪ੍ਰਸ਼ਨ ਹੱਲ ਕਰੇਗਾ ਜੋ 40 ਅੰਕਾਂ ਦਾ ਹੋਵੇਗਾ। ਇਸਦਾ ਸਮਾਂ 4 ਘੰਟੇ ਦਾ ਹੋਵੇਗਾ। ਇਹ ਪੇਪਰ ਸਵੇਰ ਦੇ ਸੈਸ਼ਨ ਵਿੱਚ ਸੈੱਟ ਕੀਤਾ ਜਾਵੇਗਾ।
ਪੇਪਰ ਦਾ ਸਾਈਜ਼:- ਪੂਰੇ ਕਾਗਜ਼ ਦਾ $^1/_4$ ਹਿੱਸਾ (35 ਸੈਂ. ਮੀ. × 25 ਸੈਂ.ਮੀ.)

**ਭਾਗ-II** **ਅੰਕ : 40**

2. ਇਹ ਪੇਪਰ ਸ਼ਾਮ ਦੇ ਸੈਸ਼ਨ ਵਿੱਚ ਹੋਵੇਗਾ। ਇਸਦਾ ਸਮਾਂ 4 ਘੰਟੇ ਅਤੇ ਇਹ 40 ਅੰਕਾਂ ਦਾ ਹੋਵੇਗਾ। ਇਸ ਵਿੱਚ ਪ੍ਰਯੋਗੀ ਪ੍ਰੀਖਿਅਕ ਕੋਈ ਤਿੰਨ ਵਸਤਾਂ ਇਕੱਠੀਆਂ ਰੱਖ ਕੇ ਮਾਡਲ ਸੈੱਟ ਕਰੇਗਾ ਅਤੇ ਪਿੱਛੇ ਡਰਾਪਰੀ ਸੈੱਟ ਕਰੇਗਾ। ਇਸ ਪੇਪਰ ਵਿੱਚ 13-13 ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣਗੇ।ਗਰੁੱਪ ਅੱਧ ਚੱਕਰ ਵਿੱਚ ਹੋਵੇਗਾ। ਪਹਿਲੇ ਲਾਈਨ ਵਿੱਚ ਸੱਤ ਵਿਦਿਆਰਥੀ ਅਤੇ ਦੂਜੀ ਲਾਈਨ ਵਿੱਚ ਛੇ ਵਿਦਿਆਰਥੀ ਬਠਾਏ ਜਾਣਗੇ। ਇਹ ਯਕੀਨੀ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਨੂੰ ਮਾਡਲ ਅਸਾਨੀ ਨਾਲ ਦਿਖਾਈ ਦੇ ਸਕੇ। ਪੇਪਰ ਦਾ ਸਾਈਜ਼:- ਪੂਰੇ ਕਾਗਜ਼ ਦਾ $^1/_4$ ਹਿੱਸਾ (35 ਸੈਂ. ਮੀ. × 25 ਸੈਂ.ਮੀ.)

**ਭਾਗ-III** **ਅੰਕ : 20**

3. ਦੋਨਾਂ ਸੈਸ਼ਨਾਂ ਦੇ ਵਿਚਕਾਰ ਇੱਕ ਘੰਟੇ ਦੇ ਸਮੇਂ ਦੌਰਾਨ ਪ੍ਰਯੋਗੀ ਪ੍ਰੀਖਿਅਕ ਪ੍ਰੀਖਿਆਰਥੀਆਂ ਦੇ ਸੈਸ਼ਨਲ ਕੰਮ ਦਾ ਮੁਲਾਂਕਣ ਕਰੇਗਾ। ਇਸਦੇ 20 ਅੰਕ ਹੋਣਗੇ। ਪ੍ਰੀਖਿਅਕ ਕੀਤੇ ਕੰਮਾਂ ਅਨੁਸਾਰ ਅੰਕ ਦੇਵੇਗਾ।

**ਅੰਕਾਂ ਦੀ ਵੰਡ:**

| | |
|---|---|
| ਸਕੈਚਿੰਗ ਅਤੇ ਬਣਾਵਟ | : 10 ਅੰਕ |
| ਪ੍ਰਭਾਵ | : 10 ਅੰਕ |
| ਠੀਕ ਡਰਾਇੰਗ | : 10 ਅੰਕ |
| ਰੰਗ ਯੋਜਨਾ | : 10 ਅੰਕ |
| ਕੁੱਲ ਅੰਕ | : 40 ਅੰਕ |

**ਧਰਤੀ ਦ੍ਰਿਸ਼ ਚਿੱਤਰਨ (Land Scape)**

| | |
|---|---|
| ਬਣਾਵਟ | : 14 ਅੰਕ |
| ਸਮੁੱਚਾ ਪ੍ਰਭਾਵ | : 8 ਅੰਕ |
| ਠੀਕ ਡਰਾਇੰਗ | : 8 ਅੰਕ |
| ਰੰਗ ਯੋਜਨਾ | : 10 ਅੰਕ |
| ਕੁੱਲ ਅੰਕ | : 40 ਅੰਕ |

**ਡਿਜ਼ਾਈਨ (Design)**

| | |
|---|---|
| ਡਿਜ਼ਾਈਨ ਦੀ ਇਕਾਈ | : 10 ਅੰਕ |
| ਪਪਰ ਤੇ ਡਿਜ਼ਾਈਨ ਦੀ ਸੈਟਿੰਗ | : 15 ਅੰਕ |
| ਰੰਗ ਯੋਜਨਾ ਅਤੇ ਪ੍ਰਭਾਵ | : 15 ਅੰਕ |
| ਕੁੱਲ ਅੰਕ | : 40 ਅੰਕ |

**ਭਾਗ–II**

**ਮਾਡਲ ਡਰਾਇੰਗ**

| | |
|---|---|
| ਬਣਾਵਟ | : 8 ਅੰਕ |
| ਅਨੁਪਾਤ ਅਤੇ ਸਮਾਨੁਪਾਤ | : 8 ਅੰਕ |
| ਵਿੱਥ ਸੋਝੀ | : 6 ਅੰਕ |
| ਠੀਕ ਡਰਾਇੰਗ | : 10 ਅੰਕ |
| ਛਾਇਆ ਤੇ ਪ੍ਰਛਾਇਆ | : 8 ਅੰਕ |
| ਕੁੱਲ ਅੰਕ | : 40 ਅੰਕ |